# ਆਨ ਲਾਇਨ ਕੋਸਲਿੰਗ ਨਾਲ ਸਬੰਧੀਤ ਜਾਣਕਾਰੀ

ਉਮੀਦਵਾਰ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਨਰਸਿੰਗ ਸਕੂਲਾਂ ਨੂੰ ਆਪਣੀ choices/preferences ਅਨੁਸਾਰ ਲੜੀ ਨੰ. 1 ਤੋਂ ਲੜੀ ਨੰ. 7 ਤੱਕ ਚੁਣਿਆ/ਭਰਿਆ ਜਾਵੇ।ਜਿਹੜੇ ਉਮੀਦਵਾਰ ਕਿਸੇ ਨਰਸਿੰਗ ਸਕੂਲ ਵਿਚ ਦਾਖਲਾ ਨਹੀਂ ਲੈਣਾ ਚਾਹੁੰਦੇ, ਉਸ ਨਰਸਿੰਗ ਸਕੂਲ ਨੂੰ ਨਾ ਚੁਣਿਆ/ਭਰਿਆ ਜਾਵੇ ਕਿਉ ਕਿ ਕਿਸੇ ਵੀ ਨਰਸਿੰਗ ਸਕੂਲ ਵਿਚ ਉਮੀਦਵਾਰ ਦੇ ਭਰਨ ਅਨੁਸਾਰ ਸੀਟ ਮਿਲਣ ਤੇ ਰੱਦ ਨਹੀਂ ਕੀਤੀ ਜਾਵੇਗੀ।

**ਉਦਾਰਨ ਵਜੋਂ :- ਜੇਕਰ ਉਮੀਦਵਾਰ ਹੇਠਾਂ ਦਰਸਾਏ ਅਨੁਸਾਰ ਆਪਣੀ choices/preferences ਮੁਤਾਬਿਕ ਨਰਸਿੰਗ ਸਕੂਲ ਚੁਣਦਾ ਹੈ ਤਾਂ :-**

1. Government School of Nursing, Shaheed Babu Labh Singh Civil Hospital, Jalandhar
2. Government Institute of Nursing and Paramedical Sciences, Civil Hospital Ropar
3. Government School of Nursing, Mata Kaushalaya Hospital, Patiala

1. ਉਪਰੋਕਤ ਦਰਸਾਏ ਅਨੁਸਾਰ ਉਮੀਦਵਾਰ ਦੀ ਮੈਰਿਟ ਦੇ ਆਧਾਰ ਤੇ ਸਭ ਤੋਂ ਪਹਿਲਾਂ ਸਰਕਾਰੀ ਜੀ. ਐਨ.ਐਮ. ਨਰਸਿੰਗ ਸਕੂਲ, ਜਲੰਧਰ ਵਿਚਾਰਿਆ ਜਾਵੇਗਾ। ਜੇਕਰ ਉਸ ਨਰਸਿੰਗ ਸਕੂਲ ਵਿੱਚ ਸੀਟਾਂ ਪਹਿਲਾਂ ਹੀ ਭਰੀਆ ਜਾ ਚੁੱਕੀਆ ਹਨ ਤਾਂ ਉਮੀਦਵਾਰ ਦੀ ਚੋਣ ਦੀ ਤਰਜੀਹ ਅਨੁਸਾਰ ਦੂਜਾ ਨਰਸਿੰਗ ਸਕੂਲ (ਸਰਕਾਰੀ ਜੀ. ਐਨ.ਐਮ. ਨਰਸਿੰਗ ਸਕੂਲ, ਰੋਪੜ) ਵਿਚਾਰਿਆ ਜਾਵੇਗਾ। ਜੇਕਰ ਉਸ ਨਰਸਿੰਗ ਸਕੂਲ ਵਿਚ ਵੀ ਸੀਟਾਂ ਭਰ ਚੁਕਿਆ ਹੋਣ ਤਾਂ ਅਗਲਾ ਕਾਲਜ (ਸਰਕਾਰੀ ਜੀ. ਐਨ.ਐਮ. ਨਰਸਿੰਗ ਸਕੂਲ, ਪਟਿਆਲਾ) ਵਿਚਾਰਿਆ ਜਾਵੇਗਾ ਅਤੇ ਜੇਕਰ ਸੀਟ ਉਮੀਦਵਾਰ ਦੀ ਚੋਣ ਅਨੁਸਾਰ ਉਪਲਬੱਧ ਹੈ ਤਾਂ ਉਸ ਨੂੰ ਅਲਾਟ ਕਰ ਦਿੱਤੀ ਜਾਵੇਗੀ।ਜੇਕਰ ਉਮੀਦਵਾਰ ਦੀ ਚੋਣ ਅਨੁਸਾਰ ਕੋਈ ਵੀ ਸੀਟ ਖਾਲੀ ਨਹੀ ਹੋਵੇਗੀ ਤਾਂ ਉਮੀਦਵਾਰ ਨੂੰ ਕੋਈ ਵੀ ਸੀਟ ਅਲਾਟ ਨਹੀਂ ਕੀਤੀ ਜਾਵੇਗੀ।
2. ਉਮੀਦਵਾਰ ਦੇ ਅਸਲ ਦਸਤਾਵੇਜਾਂ ਦੀ ਪੜਤਾਲ ਨਰਸਿੰਗ ਸਕੂਲ ਵਿੱਚ ਜੁਆਈਨਿੰਗ ਕਰਨ ਸਮੇਂ ਸਬੰਧਿਤ ਨਰਸਿੰਗ ਸਕੂਲ ਜੋ ਉਮੀਦਵਾਰ ਨੂੰ ਅਲਾਟ ਕੀਤਾ ਗਿਆ ਹੋਵੇਗਾ, ਉਸ ਨਰਸਿੰਗ ਸਕੂਲ ਵਲੋਂ ਕੀਤੇ ਜਾਣਗੇ ਅਤੇ ਜੇਕਰ ਕੋਈ ਵੀ ਉਮੀਦਵਾਰ ਪੰਜਾਬ ਸਰਕਾਰ ਦੀਆ ਹਦਾਇਤਾਂ ਮੁਤਾਬਿਕ ਅਯੋਗ ਪਾਇਆ ਜਾਂਦਾ ਹੈ ਤਾਂ ਉਸ ਦੀ ਆਰਜੀ ਚੋਣ ਰੱਦ ਕਰ ਦਿੱਤੀ ਜਾਵੇਗੀ।